HM Government

ਨੇਮਕਾਰੀ ਸੁਧਾਰ (ਅੱਗ ਸੁਰੱਖਿਆ) ਅਦੇਸ਼ 2005 Regulatory Reform (Fire Safety) Order 2005

# ਤੁਹਾਡੇ ਅਹਾਤੇ ਨੂੰ ਅੱਗ ਤੋਂ ਸੁਰੱਖਿਅਤ ਰੱਖਣ ਲਈ ਛੋਟਾ ਰਾਹਬਰ





Chief Fire Officers' Association

ਤੁਹਾਡੇ ਅਹਾਤੇ ਨੂੰ ਅੱਗ ਤੋਂ ਸੁਰੱਖਿਅਤ ਰੱਖਣ
ਲਈ ਛੋਟਾ ਰਾਹਬਰ

## ਮੁੱਖਬੰਧ

ਇਹ ਕਿਤਾਬਚਾ ਛੋਟੇ ਅਤੇ ਦਰਮਿਆਨੇ ਆਕਾਰ ਦੇ ਕਾਰੋਬਾਰਾਂ ਵਿੱਚ ਅੱਗ ਸੁਰੱਖਿਆ ਲਈ ਜ਼ਿੰਮੇਵਾਰ ਲੋਕਾਂ ਲਈ ਸਰਲ ਅਤੇ ਅਮਲੀ ਸਲਾਹ ਪ੍ਰਦਾਨ ਕਰਦਾ ਹੈ।




ਇਹ ਕਿਤਾਬਚਾ ਨੇਮਕਾਰੀ ਸੁਧਾਰ (ਅੱਗ ਸੁਰੱਖਿਆ) ਅਦੇਸ਼ 2005 (Regulatory Reform (Fire Safety) Order 2005) ਦੀ ਪੂਰਤੀ ਤੁਸੀਂ ਕਿਸ ਤਰ੍ਹਾਂ ਯਕੀਨੀ ਬਣਾ ਸਕਦੇ ਹੋ ਬਾਰੇ ਸੇਧ ਦਿੰਦਾ ਹੈ।

ਇਹ ਵਿਸਤਾਰਪੂਰਵਕ ਰਾਹਬਰ ਨਹੀਂ ਹੈ, ਅਤੇ ਇਹ ਸਾਡੇ ਕਿਸੇ ਵਧੇਰੇ ਵਿਸਤਰਤ-ਪ੍ਰਕਾਰ ਦੇ ਰਾਹਬਰਾਂ ਦੀ ਥਾਂ ਤੇ ਨਹੀਂ ਹੈ।

ਜੇ ਤੁਸੀਂ ਅਨੁਭਵ ਕਰਦੇ ਹੋ ਕਿ ਤੁਹਾਨੂੰ ਵਧੇਰੇ ਜਾਣਕਾਰੀ ਦੀ ਲੋੜ ਹੈ, ਤਾਂ ਤੁਸੀਂ ਕਈ ਪ੍ਰਕਾਰ ਦੇ ਰਾਹਬਰ ਅਤੇ ਹੋਰ ਲਾਭਕਾਰੀ ਪੜ੍ਹਨ ਲਈ ਸਮੱਗਰੀ ਦੀ ਸੂਚੀ ਕਿਸ ਤਰ੍ਹਾਂ ਪ੍ਰਾਪਤ ਕਰ ਸਕਦੇ ਹੋ ਦਾ ਵੇਰਵਾ ਇਸ ਪਰਚੇ ਦੇ ਅੰਤ ਵਿੱਚ ਲੱਭ ਸਕਦੇ ਹੋ।

## ਨੇਮਕਾਰੀ ਸੁਧਾਰ (ਅੱਗ ਸੁਰੱਖਿਆ) ਅਦੇਸ਼ 2005 (Regulatory Reform (Fire Safety) Order 2005) ਕੀ ਹੈ?

ਜਿੱਥੇ ਜ਼ਰੂਰੀ ਹੋਵੇ ਅਤੇ ਉਹ ਵੀ ਉਸ ਢੰਗ ਨਾਲ ਜੋ ਅਧੁਨਿਕ ਕਾਰੋਬਾਰ ਦੀਆਂ ਲੋੜਾਂ ਦੇ ਵਧੇਰੇ ਅਨੁਕੂਲ ਹੋਵੇ ਕੇਵਲ ਉਥੇ ਹੀ ਨੇਮਤ ਕਰਨ ਲਈ ਸਰਕਾਰ ਵਚਨਬੱਧ ਹੈ। ਇਸ ਕਰਕੇ ਹੀ ਇਹ ਅਦੇਸ਼ ਨੇਮਕਾਰੀ ਸੁਧਾਰ ਐਕਟ 2001 (Regulatory Reform Act 2001) ਅਧੀਨ ਦਿੱਤਾ ਗਿਆ ਸੀ। ਬਹੁਤੇ ਅੱਗ ਸੁਰੱਖਿਆ ਕਾਨੂੰਨ ਨਿਰਮਾਣ ਦੀ ਥਾਂ ਤੇ ਇਹ ਇੱਕ ਸਰਲ ਅਦੇਸ਼ ਜਾਰੀ ਕੀਤਾ ਗਿਆ ਹੈ। ਇਸ ਦਾ ਮਤਲਬ ਹੈ ਕਿ ਜਿਸ ਵਿਅਕਤੀ ਦਾ ਅਹਾਤੇ ਵਿੱਚ ਕੁੱਝ ਹੱਦ ਤੱਕ ਕਾਬੂ ਹੈ ਉਸ ਨੂੰ ਅੱਗ ਦੇ ਖ਼ਤਰੇ ਘਟਾਉਣ ਲਈ ਜਾਇਜ਼ ਕੱਦਮ ਉਠਾਉਣੇ ਲਾਜ਼ਮੀ ਹਨ ਅਤੇ ਜੇ ਅੱਗ ਲੱਗ ਜਾਵੇ ਤਾਂ ਉਸ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਲੋਕ ਸੁਰੱਖਿਅਤ ਤੌਰ ਤੇ ਬਾਹਰ ਨਿਕਲ ਸਕਣ।

## ਇਹ ਕਿਤਾਬਚਾ ਕੀ ਕਰ ਸਕਦਾ ਹੈ?

ਬਹੁਤੀਆਂ ਸਤਿੱਥੀਆਂ ਵਿੱਚ, ਵਿਸ਼ੇਸ਼ੱਗ ਜਾਂ ਰਿਵਾਇਤੀ ਗਿਆਨ ਜਾਂ ਸਿੱਖਲਾਈ ਤੋਂ ਬਗੈਰ ਹੀ, ਸੱਭ ਤੋਂ ਵੱਧ ਸੰਭਾਵੀ ਸੁਰੱਖਿਅਤ ਨਤੀਜਾ ਪ੍ਰਾਪਤ ਕਰਨ ਲਈ ਇਹ ਕਿਤਾਬਚਾ ਤੁਹਾਡੀ ਕੱਦਮ-ਤੋਂ-ਕੱਦਮ ਤੱਕ ਪ੍ਰਕਿਰਿਆ ਵਿੱਚ ਦੀ ਅੱਗਵਾਈ ਕਰੇਗਾ।

ਅੱਗ ਸੁਰੱਖਿਆ ਪ੍ਰਾਪਤ ਕਰਨੀ ਬਹੁਤੀ ਵਾਰੀ ਸਧਾਰਨ ਸੂਝ ਦੀ ਗੱਲ ਹੁੰਦੀ ਹੈ, ਪਰ ਤੁਹਾਨੂੰ ਪੱਕੇ ਤੌਰ ਤੇ ਲਾਜ਼ਮੀ ਕੱਦਮਾਂ ਦੀ ਕਾਰਵਾਈ ਪੂਰੀ ਕਰਨ ਲਈ ਉਚਿੱਤ ਸਮਾਂ ਕੱਢਕੇ ਰੱਖਣਾ ਚਾਹੀਦਾ ਹੈ। ਵਧੇਰੇ ਗੁੰਝਲਦਾਰ ਅਹਾਤਿਆਂ ਵਿੱਚ ਜਾਂ ਜਿਨ੍ਹਾਂ ਵਿੱਚ ਬਹੁਤੇ ਲੋਕੀਂ ਖ਼ਤਰੇ ਵਿੱਚ ਹੋਣ, ਜਿਸ ਤਰ੍ਹਾਂ ਕਿ ਕੇਅਰ ਹੋਮਜ਼, ਹਸਪਤਾਲ ਜਾਂ ਵੱਡੇ ਸਿਨਮੇ, ਤੁਹਾਨੂੰ ਵਧੇਰੇ ਮਾਹਿਰ ਮਦਦ ਦੀ ਲੋੜ ਪੈ ਸਕਦੀ ਹੈ।

## ਅਦੇਸ਼ ਕਿੱਥੇ ਲਾਗੂ ਹੁੰਦਾ ਹੈ?

ਅਦੇਸ਼ ਕਰੀਬ ਹਰ ਅਹਾਤੇ ਤੇ ਲਾਗੂ ਹੈ ਅਤੇ ਇਸ ਵਿੱਚ ਕਰੀਬ ਹਰ ਪ੍ਰਕਾਰ ਦੀ ਇਮਾਰਤ, ਬਣਤਰ ਅਤੇ ਖੁੱਲ੍ਹੀ ਥਾਂ ਸ਼ਾਮਲ ਹੈ।
ਉਦਾਹਰਨ ਵੱਜੋਂ, ਇਹ ਇਨ੍ਹਾਂ ਉੱਪਰ ਲਾਗੂ ਹੈ:

- ਦਫ਼ਤਰ ਅਤੇ ਦੁਕਾਨਾਂ;
- ਦੇਖ-ਭਾਲ ਕਰਨ ਵਾਲੇ ਅਹਾਤੇ ਜਿਸ ਵਿੱਚ ਕੇਅਰ ਹੋਮਜ਼ ਅਤੇ ਹਸਪਤਾਲ ਸ਼ਾਮਲ ਹਨ;
- ਭਾਈਚਾਰਕ ਹਾਲ, ਭਜਨ ਬੰਦਗੀ ਦੇ ਅਸਥਾਨ ਅਤੇ ਦੂਜੇ ਭਾਈਚਾਰਕ ਅਹਾਤੇ;
- ਉਨ੍ਹਾਂ ਜਾਇਦਾਦਾਂ ਦੇ ਸਾਂਝੇ ਥਾਂ ਜਿਨ੍ਹਾਂ ਵਿੱਚ ਕਈ ਘਰਬਾਰ ਰਹਿੰਦੇ ਹਨ (ਰਿਹਾਇਸ਼ੀ ਕਾਨੂੰਨ ਵੀ ਲਾਗੂ ਹੋ ਸਕਦੇ ਹਨ);
- ਪੱਬ, ਕਲੱਬ ਅਤੇ ਰੈਸਟੋਰੈਂਟ;
- ਸਕੂਲ ਅਤੇ ਸਪੋਰਟਸ ਸੈਂਟਰ;
- ਤੰਬੂ ਅਤੇ ਵੱਡੇ ਤੰਬੂ;
- ਹੋਟਲ ਅਤੇ ਸਰਾਂ; ਅਤੇ
- ਫੈਕਟਰੀਆਂ ਅਤੇ ਵੈਅਰਹਾਊਸ।

ਇਹ ਇਨ੍ਹਾਂ ਉੱਪਰ ਨਹੀਂ ਲਾਗੂ:

- ਲੋਕਾਂ ਦੇ ਨਿੱਜੀ ਘਰ, ਜਿਸ ਵਿੱਚ ਬਲਾਕ ਜਾਂ ਮਕਾਨ ਵਿੱਚ ਨਿੱਜੀ ਫਲੈਟ ਸ਼ਾਮਲ ਹਨ।

ਤੁਹਾਡੇ ਅਹਾਤੇ ਨੂੰ ਅੱਗ ਤੋਂ ਸੁਰੱਖਿਅਤ ਰੱਖਣ
ਲਈ ਛੋਟਾ ਰਾਹਬਰ

## ਅਦੇਸ਼ ਅਧੀਨ ਮੁੱਖ ਨਿਯਮ ਕੀ ਹਨ?

ਤੁਹਾਨੂੰ ਇਹ ਕਰਨਾ ਲਾਜ਼ਮੀ ਹੈ:

- ਸੱਭ ਸੰਭਾਵੀ ਖ਼ਤਰਿਆਂ ਅਤੇ ਜੋਖਮ ਦੀ ਪਛਾਣ ਕਰਨ ਲਈ ਅੱਗ-ਖ਼ਤਰੇ ਦਾ ਮੁਲਾਂਕਣ ਕਰਨਾ ;
- ਵਿਚਾਰਨਾ ਕਿ ਖਾਸ ਕੌਣ ਖ਼ਤਰੇ ਵਿੱਚ ਹੋ ਸਕਦਾ ਹੈ;
- ਜਿਨ੍ਹਾਂ ਹੋ ਸਕੇ ਅੱਗ ਦਾ ਖ਼ਤਰਾ ਖ਼ਤਮ ਕਰੋ ਜਾਂ ਘਟਾਓ ਅਤੇ ਰਹਿ ਗਏ ਸੰਭਾਵੀ ਖ਼ਤਰੇ ਨਾਲ ਨਜਿੱਠਣ ਲਈ ਅੱਗ ਤੋ ਬਚਾ ਕਰਨ ਲਈ ਸਧਾਰਨ ਉਪਰਾਲਿਆਂ ਦਾ ਪ੍ਰਬੰਧ ਕਰੋ;



*ਮਾੜਾ ਘਰ ਦਾ ਪ੍ਰਬੰਧ*

- ਜੇ ਅੱਗ ਲੱਗਣ ਜਾਂ ਵਿਸਫੋਟਿਕ ਸਮੱਗਰੀ ਵਰਤੀ ਜਾਂਦੀ ਜਾਂ ਸੰਭਾਲੀ ਜਾਂਦੀ ਹੋਵੇ ਤਾਂ ਯਕੀਨੀ ਬਣਾਓ ਕਿ ਰੱਖਿਆ ਪ੍ਰਬੰਧ ਕੀਤਾ ਹੋਇਆ ਹੈ;
- ਸੱਭ ਸੰਕਟ ਨਾਲ ਨਜਿੱਠਣ ਲਈ ਯੋਜਨਾ ਬਣਾਓ ਅਤੇ, ਬਹੁਤੇ ਹਾਲਾਤਾਂ ਵਿੱਚ ਆਪਣੀਆਂ ਲੱਭਤਾਂ ਦਾ ਰਿਕਾਰਡ ਰੱਖੋ; ਅਤੇ
- ਲੋੜ ਪੈਣ ਤੇ ਆਪਣੀਆਂ ਲੱਭਤਾਂ ਬਾਰੇ ਮੁੜ-ਵਿਚਾਰ ਕਰੋ।

## ਅਦੇਸ਼ ਦੀ ਪੂਰਤੀ ਲਈ ਕੌਣ ਜ਼ਿੰਮੇਵਾਰ ਹੈ?

ਅਦੇਸ਼ ਅਧੀਨ, ਕੋਈ ਵੀ ਜਿਸ ਦਾ ਅਹਾਤੇ ਤੇ ਕਾਬੂ ਹੋਵੇ ਜਾਂ ਕੋਈ ਵੀ ਜਿਸ ਦਾ ਖ਼ਾਸ ਥਾਵਾਂ ਜਾਂ ਵਿਵਸਥਾਵਾਂ ਤੇ ਕੁੱਝ ਹੱਦ ਤੱਕ ਕਾਬੂ ਹੋਵੇ ਉਹ 'ਜ਼ਿੰਮੇਵਾਰ ਵਿਅਕਤੀ' ਹੋ ਸਕਦਾ ਹੈ। ਉਦਾਹਰਨ ਵੱਜੋਂ, ਇਹ ਹੋ ਸਕਦੇ ਹਨ:

- ਜਿਸ ਅਹਾਤੇ ਦੇ ਹਿੱਸਿਆ ਵਿੱਚ ਕਰਮਚਾਰੀ ਜਾਂਦੇ ਹੋਣ ਉਨ੍ਹਾਂ ਲਈ ਮਾਲਕ ਜ਼ਿੰਮੇਵਾਰ;
- ਅਹਾਤੇ ਦੇ ਸਾਂਝੇ ਹਿੱਸਿਆ ਜਾਂ ਸਾਂਝੇ ਅੱਗ ਸੁਰੱਖਿਆ ਸਾਜੋ ਸਮਾਨ ਜਿਸ ਤਰ੍ਹਾਂ ਕਿ ਅੱਗ-ਚਿਤਾਵਨੀ ਵਿਵਸਥਾਵਾਂ ਜਾਂ ਪਾਣੀ ਛਿੜਕ ਜੰਤਰ ਲਈ ਪ੍ਰਬੰਧਕੀ ਏਜੰਟ ਜਾਂ ਮਾਲਕ ਜ਼ਿੰਮੇਵਾਰ;
- ਜੇ ਉਨ੍ਹਾਂ ਕੋਲ ਕੋਈ ਕਾਬੂ ਹੋਵੇ ਤਾਂ ਰਹਿਣ ਵਾਲਾ, ਜਿਸ ਤਰ੍ਹਾਂ ਕਿ ਸਵੈ-ਰੋਜ਼ਗਾਰੀ ਲੋਕ ਜਾਂ ਸੇਵਕ ਸੰਸ਼ਥਾਵਾਂ; ਜਾਂ
- ਕੋਈ ਵੀ ਹੋਰ ਵਿਅਕਤੀ ਜਿਸ ਕੋਲ ਅਹਾਤੇ ਦੇ ਕੁੱਝ ਹਿੱਸੇ ਉੱਪਰ ਕੁੱਝ ਕਾਬੂ ਹੋਵੇ।

ਭਾਵੇਂ ਕਈ ਅਹਾਤਿਆਂ ਵਿੱਚ ਜ਼ਿੰਮੇਵਾਰ ਵਿਅਕਤੀ ਸਪਸ਼ਟ ਹੋਵੇਗਾ, ਕਈ ਐਸੇ ਮੌਕੇ ਹੋ ਸਕਦੇ ਹਨ ਜਦੋਂ ਕੁੱਝ ਗਿਣਤੀ ਦੇ ਵਿਅਕਤੀਆਂ ਦੀ ਕੁੱਝ ਜ਼ਿੰਮੇਵਾਰੀ ਹੈ।

## ਮੈਂ ਅਦੇਸ਼ ਦੀ ਕਿਸ ਤਰ੍ਹਾਂ ਪੂਰਤੀ ਕਰਾਂ?

ਜੇ ਤੁਸੀਂ ਜ਼ਿੰਮੇਵਾਰ ਵਿਅਕਤੀ ਹੋ, ਤਾਂ ਤੁਹਾਨੂੰ ਲਾਜ਼ਮੀ ਤੌਰ ਤੇ ਅੱਗ-ਖ਼ਤਰੇ ਦਾ ਮੁਲਾਂਕਣ ਕਰਨਾ ਚਾਹੀਦਾ ਹੈ ਭਾਵੇ ਤੁਸੀਂ ਇਹ ਕੰਮ ਕਰਨ ਲਈ ਹੋਰ ਕਿਸੇ ਯੋਗ ਵਿਅਕਤੀ ਨੂੰ ਦੇ ਸਕਦੇ ਹੋ। ਐਪਰ, ਕਾਨੂੰਨ ਅਨੁਸਾਰ, ਇਸ ਅਦੇਸ਼ ਦੀ ਪੂਰਤੀ ਲਈ ਖ਼ੁੱਦ ਤੁਸੀਂ ਹੀ ਜ਼ਿੰਮੇਵਾਰ ਹੋਵੋਂਗੇ।

ਜ਼ਿੰਮੇਵਾਰ ਵਿਅਕਤੀ , ਖ਼ੁੱਦ ਇਕੱਲੇ ਹੀ ਜਾਂ ਕਿਸੇ ਹੋਰ ਜ਼ਿੰਮੇਵਾਰ ਵਿਅਕਤੀ ਦੇ ਸਾਥ, ਜਿਨ੍ਹਾਂ ਕੁ ਅਮਲੀ ਤੌਰ ਤੇ ਸੰਭਵ ਹੋਵੇ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਜੇ ਅੱਗ ਲੱਗ ਜਾਵੇ ਤਾਂ ਅਹਾਤੇ ਅੰਦਰ ਜਾਂ ਨਜ਼ਦੀਕ, ਹਰ ਵਿਅਕਤੀ ਸੁਰੱਖਿਅਤ ਢੰਗ ਨਾਲ ਬਾਹਰ ਨਿਕਲ ਸਕਦਾ ਹੈ।

ਇਹ ਪਹਿਲੇ ਕਾਨੂੰਨ ਨਾਲੋਂ ਇਸ ਤਰ੍ਹਾਂ ਵੱਖਰਾ ਹੈ ਕਿ ਤੁਹਾਨੂੰ ਤੁਹਾਡੇ ਅਹਾਤੇ ਤੇ ਜੋ ਵਿਅਕਤੀ ਮੌਜੂਦ ਹੋ ਸਕਦਾ ਹੋਵੇ, ਉਨ੍ਹਾਂ ਨੂੰ ਵਿਚਾਰ ਅਧੀਨ ਕਰਨਾ ਲਾਜ਼ਮੀ ਹੈ, ਭਾਵੇਂ ਉਹ ਮੁਲਾਜ਼ਮ, ਮੁਲਾਕਾਤੀ ਜਾਂ ਆਮ ਲੋਕ ਹੋਣ,_ਉਦਾਹਰਨ ਵੱਜੋਂ, ਖੁੱਲੇ ਮੈਦਾਨ ਵਿੱਚ ਮਨੋਰੰਜਨ ਸਮਾਗਮ ਤੇ। ਤੁਹਾਨੂੰ ਉਨ੍ਹਾਂ ਲੋਕਾਂ ਦਾ ਖ਼ਾਸ ਖਿਆਲ ਰੱਖਣਾ ਚਾਹੀਦਾ ਹੈ ਜਿਨ੍ਹਾਂ ਨੂੰ ਕੋਈ ਅੰਗਹੀਣਤਾ ਹੋ ਸਕਦੀ ਹੋਵੇ ਜਾਂ ਜਿਨ੍ਹਾਂ ਨੂੰ ਵਿਸ਼ੇਸ਼ ਸਹਾਇਤਾ ਦੀ ਲੋੜ ਪੈ ਸਕਦੀ ਹੋਵੇ।

ਅਦੇਸ਼ ਆਖਦਾ ਹੈ ਕਿ ਤੁਹਾਨੂੰ ਤੁਹਾਡੇ ਅਹਾਤੇ ਵਿੱਚ ਹਰ ਇੱਕ ਅੱਗ-ਖ਼ਤਰੇ ਨਾਲ ਨਜਿੱਠਣਾ ਚਾਹੀਦਾ ਹੈ। ਅੱਗ ਹੁਕਮਰਾਨ ਹੁਣ ਅੱਗ ਸਰਟੀਫਿਕੇਟ ਨਹੀਂ ਜਾਰੀ ਕਰਦੇ ਅਤੇ ਪਹਿਲਾਂ ਜਾਰੀ ਕੀਤੇ ਹੋਇਆਂ ਦੀ ਹੁਣ ਕੋਈ ਕਾਨੂੰਨੀ ਮਾਣਤਾ ਨਹੀਂ ਹੈ।

ਤੁਹਾਨੂੰ ਫਿਰ ਵੀ  ਅੱਗ-ਖ਼ਤਰੇ ਦਾ ਮੁਲਾਂਕਣ ਕਰਨਾ ਲਾਜ਼ਮੀ ਹੈ ਪਰ ਜੋ ਅੱਗ ਸਰਟੀਫਿਕੇਟ ਤੁਹਾਨੂੰ ਕੋਲ ਪਹਿਲਾਂ ਹੀ ਮੌਜੂਦ ਹਨ ਉਹ ਇਹ ਮੁਲਾਂਕਣ ਅਰੰਭ ਕਰਨ ਲਈ ਲਾਭਕਾਰੀ ਸਾਬਤ ਹੋ ਸਕਦੇ ਹਨ।

ਜੇ ਤੁਹਾਡੇ ਅਹਾਤੇ ਅਧੁਨਿਕ ਉਸਾਰੀ ਦੇ ਨਿਯਮਾਂ ਅਨੁਕੂਲ ਡੀਜ਼ਾਇਨ ਕੀਤੇ ਅਤੇ ਉਸਾਰੇ ਗਏ ਹਨ (ਅਤੇ ਉਨ੍ਹਾਂ ਨਿਯਮਾਂ ਅਨੁਸਾਰ ਵਰਤੇ ਜਾਂਦੇ ਹਨ), ਤਾਂ ਤੁਹਾਡੇ ਢਾਂਚਾਗਤ ਅੱਗ ਬਚਾ ਉਪਰਾਲੇ ਪ੍ਰਵਾਨ ਕਰਨਯੋਗ ਹੋਣੇ ਚਾਹੀਦੇ ਹਨ। ਤੁਹਾਨੂੰ ਫਿਰ ਵੀ ਅੱਗ-ਖ਼ਤਰੇ ਦਾ ਮੁਲਾਂਕਣ ਕਰਨਾ ਲਾਜ਼ਮੀ ਹੈ ਅਤੇ ਪੱਕੇ ਤੌਰ ਤੇ ਸੱਭ ਅੱਗ ਬਚਾ ਉਪਰਾਲੇ ਅਤੇ ਨੇਮਬੱਧ ਮੁਰੰਮਤੀ ਕਾਰਵਾਈਆਂ ਜਾਰੀ ਰੱਖਣੀਆਂ ਚਾਹੀਦੀਆਂ ਹਨ।


ਤੁਹਾਡੇ ਅਹਾਤੇ ਨੂੰ ਅੱਗ ਤੋਂ ਸੁਰੱਖਿਅਤ ਰੱਖਣ
ਲਈ ਛੋਟਾ ਰਾਹਬਰ

**ਅੱਗ ਸੁਰੱਖਿਆ ਖ਼ਤਰੇ ਦਾ ਮੁਲਾਂਕਣ**

**1 ਅੱਗ ਦੇ ਖਤਰੇ ਪਛਾਣੋ**

ਪਛਾਣੋ:

- ਭਖਣ ਦੇ ਸੋਮੇ;
- ਬਾਲਣ ਦੇ ਸੋਮੇS; ਅਤੇ
- ਆਕਸੀਜਨ ਦੇ ਸੋਮੇ।

**2 ਖ਼ਤਰੇ ਵਿੱਚ ਲੋਕਾਂ ਦੀ ਪਛਾਣ ਕਰੋ**

ਪਛਾਣੋ:

- ਅਹਾਤੇ ਅੰਦਰ ਅਤੇ ਆਸ ਪਾਸ ਲੋਕ ਅਤੇ;
- ਖਾਸ ਤੌਰ ਤੇ ਉਹ ਲੋਕ ਜੋ ਖ਼ਤਰੇ ਵਿੱਚ ਹਨ

**3 ਨਿਰਧਾਰਨ ਕਰੋ, ਖ਼ਤਮ ਕਰੋ ਜਾਂ ਘਟਾਓ, ਅਤੇ ਖ਼ਤਰੇ ਤੋਂ ਬਚਾ ਕਰੋ**

- ਅੱਗ ਲੱਗਣ ਦੇ ਖਤਰੇ ਦਾ ਨਿਰਧਾਰਨ ਕਰੋ।
- ਅੱਗ ਤੋਂ ਲੋਕਾਂ ਨੂੰ ਖਤਰੇ ਦਾ ਨਿਰਧਾਰਨ ਕਰੋ। ਅੱਗ
- ਦੇ ਖਤਰੇ ਖਤਮ ਕਰੋ ਜਾਂ ਘਟਾਓ।
- ਲੋਕਾਂ ਨੂੰ ਅੱਗ ਦੇ ਖਤਰੇ ਖਤਮ ਕਰੋ ਜਾਂ ਘਟਾਓ। ਅੱਗ ਤੋਂ
- ਬਚਾ ਉਪਰਾਲੇ ਕਰਕੇ ਲੋਕਾਂ ਦੀ ਰੱਖਿਆ ਕਰੋ।

**4 ਅੰਕਿਤ ਕਰੋ, ਯੋਜਨਾ ਬਣਾਓ, ਜਾਣੂ ਕਰਾਓ, ਹਿਦਾਇਤ ਕਰੋ ਅਤੇ ਸਿਖਾਓ**

- ਸੱਭ ਮੁੱਖ ਲੱਭਤਾਂ ਅਤੇ ਆਪਣੀ ਕੀਤੀ ਕਾਰਵਾਈ ਅੰਕਿਤ ਕਰੋ।
- ਦੂਜੇ ਜ਼ਿੰਮੇਵਾਰ ਲੋਕਾਂ ਨਾਲ ਸਲਾਹ ਅਤੇ ਕੰਮ ਕਰੋ।
- ਸੰਕਟ ਯੋਜਨਾ ਤਿਆਰ ਕਰੋ।
- ਸੰਬੰਧਿਤ ਲੋਕਾਂ ਨੂੰ ਜਾਣੂ ਕਰਾਓ ਅਤੇ ਹਿਦਾਇਤ ਕਰੋ।
- ਸਿੱਖਲਾਈ ਦਿਓ। .

**5 ਮੁੜ-ਵਿਚਾਰ**

- ਆਪਣੇ ਅੱਗ-ਖਤਰਾ ਮੁਲਾਂਕਣ ਦਾ ਨੇਮਬੱਧ ਮੁੜ-ਵਿਚਾਰ ਕਰੋ।
- ਜਿੱਥੇ ਲੋੜ ਹੋਵੇ ਬਦਲੀ ਕਰੋ।

ਆਪਣੇ ਅੱਖ-ਖਤਰਾ ਮੁਲਾਂਕਣ ਦਾ ਨੇਮਬੱਧ ਮੁੜ-ਵਿਚਾਰ ਕਰਨਾ ਯਾਦ ਰੱਖੋ।

## ਕਦਮ 1 – ਆਪਣੇ ਅਹਾਤੇ ਵਿੱਚ ਖਤਰਿਆਂ ਦੀ ਪਛਾਣ ਕਰੋ

ਤੁਹਾਨੂੰ ਇਹ ਪਛਾਣਨੇ ਲਾਜ਼ਮੀ ਹਨ:



- ਭਖਣ ਦੇ ਸੋਮੇ ਜਿਸ ਤਰ੍ਹਾਂ ਕਿ ਨੰਗੀਆਂ ਲਾਟਾਂ, ਹੀਟਰ ਜਾਂ ਕੁੱਝ ਕਾਰੋਬਾਰੀ ਕਾਰਵਾਈਆਂ;
- ਬਾਲਣ ਦੇ ਸੋਮੇ ਜਿਸ ਤਰ੍ਹਾਂ ਕਿ ਜਮ੍ਹਾਂ ਹੋਈ ਰੈਂਹਦ ਖੂੰਹਦ, ਨੁਮਾਇਸ਼ ਸਮੱਗਰੀ, ਟੈਕਸਟਾਇਲ ਕੱਪੜੇ ਜਾਂ ਵਾਧੂ ਜਮ੍ਹਾਂ ਮਾਲ; ਅਤੇ
- ਆਕਸੀਜਨ ਦੇ ਸੋਮੇ ਜਿਸ ਤਰ੍ਹਾਂ ਕਿ ਏਅਰ ਕੰਨਡਿਸ਼ਨਿੰਗ ਜਾਂ ਦਵਾਈਆਂ ਜਾਂ ਕਾਰੋਬਾਰੀ ਆਕਸੀਜਨ ਸਪਲਾਈ।

## ਕਦਮ 2 – ਖ਼ਤਰੇ ਵਿੱਚ ਲੋਕਾਂ ਦੀ ਪਛਾਣ ਕਰੋ

ਤੁਹਾਨੂੰ ਉਨ੍ਹਾਂ ਲੋਕਾਂ ਦੀ ਪਛਾਣ ਕਰਨ ਦੀ ਲੋੜ ਹੈ ਜੋ ਖਾਸ ਤੌਰ ਤੇ ਖ਼ਤਰੇ ਵਿੱਚ ਹੋ ਸਕਦੇ ਹਨ ਜਿਸ ਤਰ੍ਹਾਂ ਕਿ:

- ਅੱਗ ਦੇ ਖਤਰਿਆਂ ਕੋਲ ਕੰਮ ਕਰ ਰਹੇ ਲੋਕ;
- ਇਕੱਲੇ ਜਾਂ ਨਵੇਕਲੇ ਥਾਂਵਾਂ ਤੇ ਕੰਮ ਕਰ ਰਹੇ ਲੋਕ (ਜਿਸ ਤਰ੍ਹਾਂ ਕਿ ਛੱਤ ਉੱਪਰ ਥਾਂ ਜਾਂ ਸਟੋਰਰੂਮ);
- ਬੱਚੇ ਜਾਂ ਬੱਚਿਆਂ ਵਾਲੇ ਮਾਪੇ; ਅਤੇ
- ਬਜ਼ੁਰਗ ਜਾਂ ਨਿਰਬਲ ਲੋਕ ਅਤੇ ਅੰਗਹੀਣ ਲੋਕ।

## ਕਦਮ 3 – ਨਿਰਧਾਰਨ ਕਰੋ, ਖਤਮ ਕਰੋ, ਘਟਾਓ ਅਤੇ ਖਤਰੇ ਤੋਂ ਬਚਾ ਕਰੋ

ਆਪਣੇ ਅਹਾਤੇ ਵਿੱਚ ਅੱਗ ਲੱਗਣ ਦੇ ਖਤਰੇ ਦਾ ਨਿਰਧਾਰਨ ਕਰੋ। ਜਿੱਥੇ ਹੋ ਸਕੇ ਤੁਹਾਨੂੰ ਸੱਭ ਅੱਗ ਦੇ ਖਤਰੇ ਖਤਮ ਕਰਨੇ ਜਾਂ ਘਟਾਉਣੇ ਚਾਹੀਦੇ ਹਨ ਅਤੇ ਜੋ ਖ਼ਤਰੇ ਤੁਸੀਂ ਪਛਾਣੇ ਹਨ ਉਹ ਘਟਾਉਣੇ ਚਾਹੀਦੇ ਹਨ। ਉਦਾਹਰਨ ਵੱਜੋਂ, ਤੁਹਾਨੂੰ ਇਹ ਕਰਨਾ ਲਾਜ਼ਮੀ ਹੈ:

- ਜਿਆਦਾ ਅੱਗ ਲੱਗ ਸਕਣ ਵਾਲੀ ਸਮੱਗਰੀ ਦੀ ਥਾਂ ਤੇ ਘੱਟ ਅੱਗ ਲੱਗ ਸਕਣ ਵਾਲੀ ਵਰਤੋ;
- ਪੱਕੇ ਤੌਰ ਤੇ ਅੱਗ ਲੱਗ ਸਕਣ ਵਾਲੀ ਸਮੱਗਰੀ ਭਖਣ ਦੇ ਸੋਮਿਆਂ ਤੋਂ ਅਲੱਗ ਕਰੋ; ਅਤੇ
- ਸੁਰੱਖਿਅਤ-ਸਿਗਰਟਾਂ ਪੀਣ ਦੀ ਨੀਤੀ ਕਾਇਮ ਕਰੋ।


ਜਦੋਂ ਤੁਸੀਂ ਖਤਰਿਆਂ ਨੂੰ ਜਿੰਨ੍ਹਾਂ ਹੋ ਸਕੇ ਘਟਾ ਲਿਆ ਹੋਵੇ, ਤਾਂ ਤੁਹਾਨੂੰ ਰਹਿ ਗਏ ਖਤਰੇ ਦਾ ਮੁਲਾਂਕਣ ਕਰਨਾ ਅਤੇ ਫੈਸਲਾ ਕਰਨਾ ਲਾਜ਼ਮੀ ਹੈ ਕਿ ਉਚਿੱਤ ਪੱਧਰ ਦੀ ਅੱਗ ਸੁਰੱਖਿਆ ਪ੍ਰਦਾਨ ਕਰਨ ਲਈ ਤੁਹਾਨੂੰ ਹੋਰ ਕੋਈ ਉਪਰਾਲੇ ਕਰਨ ਦੀ ਲੋੜ ਹੈ ਜਾਂ ਨਹੀਂ।

ਤੁਹਾਡੇ ਅਹਾਤੇ ਨੂੰ ਅੱਗ ਤੋਂ ਸੁਰੱਖਿਅਤ
ਲਈ ਛੋਟਾ ਗਾਈਡ

## ਆਮ ਅੱਗ ਰੋਕ ਉਪਰਾਲੇ ਜੋ ਤੁਹਾਨੂੰ ਕਰਨੇ ਪੈ ਸਕਦੇ ਹਨ

ਇਸ ਛੋਟੇ ਰਾਹਬਰ ਵਿੱਚ, ਹਰ ਪ੍ਰਕਾਰ ਦੇ ਅਹਾਤੇ ਲਈ ਵਿਸਤਾਰਪੂਰਵਕ ਸੇਧ ਦੇਣੀ ਅਸੰਭਵ ਹੈ। ਐਪਰ, ਜੋ ਤੁਹਾਨੂੰ ਘੱਟ ਤੋਂ ਘੱਟ ਬਾਰੇ ਵਿਚਾਰ ਕਰਨਾ ਚਾਹੀਦਾ ਹੇ ਉਸ ਵਿੱਚ ਹੇਠ ਲਿੱਖਤ ਸ਼ਾਮਲ ਹੋਣਗੇ।

### ਅੱਗ-ਸੂਹ ਅਤੇ ਚਿਤਾਵਵਨੀ ਵਿਵਸਥਾ





- ਤੁਹਾਡੇ ਕੋਲ ਉਚਿੱਤ ਅੱਗ-ਸੂਹ ਅਤੇ ਚਿਤਾਵਵਨੀ ਵਿਵਸਥਾ ਹੋਣੀ ਲਾਜ਼ਮੀ ਹੈ। ਇਹ ਜੋਰ ਦੀ ਆਵਾਜ਼ ਨਾਲ ਦਿੱਤੀ ਦਿੱਤੀ ਚਿਤਾਵਨੀ ਤੋਂ ਬਿੱਜਲੀ ਦੀ ਸੂਹ ਅਤੇ ਚਿਤਾਵਵਨੀ ਵਿਵਸਥਾ ਹੋ ਸਕਦੀ ਹੈ।
- ਜੋ ਵੀ ਤੁਹਾਡੇ ਕੋਲ ਵਿਵਸਥਾ ਹੋਵੇ, ਉਹ ਲੋਕਾਂ ਨੂੰ ਸੱਭ ਹਾਲਤਾਂ ਵਿੱਚ ਚਿਤਾਵਨੀ ਦੇਣ ਦੇ ਯੋਗ ਹੋਣੀ ਚਾਹੀਦੀ ਹੈ।

### ਛੋਟੀ ਅੱਗ ਨਾਲ ਨਜਿੱਠਣ ਦਾ ਤਾਰੀਕਾ

- ਪੱਕੀ ਮਿਆਦ ਵਾਲੇ ਬਹੁ-ਮੰਤਵੀ ਅੱਗ ਬੁਝਾਉ ਰੱਖਣੇ ਪ੍ਰਵਾਨ ਕਰਨਯੋਗ ਹੋ ਸਕਦੇ ਹਨ।
- ਆਮ ਨਿਯਮ ਵੱਜੋਂ ਤੁਹਾਨੂੰ ਹਰ 200 ਵਰਗ ਮੀਟਰ ਫਰਸ਼ ਦੇ ਥਾਂ ਲਈ ਇੱਕ ਅੱਗ ਬੁਝਾਉ ਹੋਣਾ ਚਾਹੀਦਾ ਹੈ ਅਤੇ ਹਰ ਮੰਜ਼ਲ ਉੱਪਰ ਘੱਟੋ ਘੱਟ ਇੱਕ ਹੋਣਾ ਲਾਜ਼ਮੀ ਹੈ।

## ਮੁੱਖ ਪ੍ਰਕਾਰ ਦੇ ਚੁੱਕਵੇਂ ਅੱਗ ਬੁਝਾਉ




ਤੁਸੀਂ ਅੱਗ ਬੁਝਾਓ ਵਿੱਚ ਸ਼ਾਮਲ ਤੱਤ ਲਾਲ ਬਾਡੀ ਉੱਪਰ ਰੰਗ ਦੇਖ ਕੇ ਪਛਾਣ ਸਕਦੇ ਹੋ। ਅਸੀਂ ਹੇਲਨ ਅੱਗ ਬੁਝਾਉ ਨਹੀਂ ਦੇਖਾਲਿਆ ਕਿਉਂ ਕਿ ਯੂ.ਕੇ. ਵਿੱਚ ਅਗਾਂਹ ਨਵੇਂ ਹੇਲਨ ਬਣਾਉਣ ਦੀ ਆਗਿਆ ਨਹੀਂ।

## ਲੋਕਾਂ ਲਈ ਅਹਾਤੇ ਵਿੱਚੋਂ ਬਾਹਰ ਨਿਕਲਣ ਦੇ ਸੁਰੱਖਿਅਤ ਰਸਤੇ

- ਸੱਭ ਤੋਂ ਚੰਗੀ ਸਥਿੱਤੀ ਤਾਂ ਇਹ ਹੈ ਕਿ ਅਹਾਤੇ ਦੇ ਸੱਭ ਭਾਗਾਂ ਵਿੱਚ ਬਾਹਰ ਨਿਕਲਣ ਲਈ ਇੱਕ ਤੋਂ ਵੱਧ ਰਸਤੇ ਹੋਣ, ਭਾਵੇਂ ਇਸ ਤਰ੍ਹਾਂ ਹਰ ਵਾਰੀ ਸੰਭਵ ਨਹੀਂ ਹੁੰਦਾ।
- ਜੇ ਇੱਕੋਂ ਹੀ ਰਸਤਾ ਉਪਲਬੱਧ ਹੋਵੇ, ਤਾਂ ਤੁਹਾਨੂੰ ਇਸ ਨੂੰ ਅੱਗ-ਰੋਕ (ਸੁਰੱਖਿਅਤ) ਬਣਾਉਣ ਜਾਂ ਆਟੋਮੈਟਿਕ ਅੱਗ-ਸੂਹ ਵਿਵਸਥਾ ਲਾਉਣ ਦੀ ਲੋੜ ਪੈ ਸਕਦੀ ਹੈ।
- ਜਿੰਨਾ ਫਾਸਲਾ ਲੋਕਾਂ ਨੂੰ ਬੱਚ ਕੇ ਨਿਕਲਣ ਲਈ ਤੁਰ ਕੇ ਜਾਣਾ ਪਵੇ (ਸਫ਼ਰ ਦਾ ਫਾਸਲਾ) ਉਹ ਘੱਟ ਤੋਂ ਘੱਟ ਹੋਣ ਚਾਹੀਦਾ ਹੈ। ਸਫ਼ਰ ਦੇ ਫਾਸਲੇ ਦੀ ਮਿਣਤੀ ਕਮਰੇ ਵਿੱਚ ਦਰਵਾਜੇ ਤੋਂ ਸੱਭ ਤੋਂ ਦੂਰ ਥਾਂ ਤੋਂ ਲੈ ਕੇ ਸੁਰੱਖਿਅਤ ਪੌੜੀਆਂ ਜਾਂ, ਸੁਰੱਖਿਅਤ ਪੌੜੀਆਂ ਨਾ ਹੋਣ ਤਾਂ ਇਮਾਰਤ ਵਿੱਚੋਂ ਨਿਕਲਣ ਦੇ ਆਖਰੀ ਰਸਤੇ ਤੱਕ ਹੋਣੀ ਚਾਹੀਦੀ ਹੈ।
- ਨਿਕਲਣ ਦਾ ਜੇ ਇੱਕੋ ਹੀ ਰਸਤਾ ਹੈ, ਤਾਂ ਸਫ਼ਰ ਦਾ ਫਾਸਲਾ ਆਮ ਤੋਰ ਤੇ 18 ਮੀਟਰ ਤੋਂ ਵੱਧ ਨਹੀਂ ਹੋਣਾ ਚਾਹੀਦਾ। ਇਹ ਫਾਸਲਾ ਅਹਾਤੇ ਦੇ ਉਨ੍ਹਾਂ ਹਿੱਸਿਆਂ ਵਿੱਚ ਘੱਟ ਹੋਣਾ ਚਾਹੀਦਾ ਹੈ (12 ਮੀਟਰ ਜਾਂ ਘੱਟ) ਜਿੱਥੇ ਅੱਗ ਲੱਗਣ ਜਾਂ ਜਲਦੀ ਫੈਲਣ ਦਾ ਵੱਧ ਮੌਕਾ ਹੋਵੇ। । ਇਹ ਫਾਸਲਾ ਅਹਾਤੇ ਦੇ ਉਨ੍ਹਾਂ ਹਿੱਸਿਆਂ ਵਿੱਚ ਵੱਧ ਹੋ ਸਕਦਾ ਹੈ (ਕਰਬਿ 25 ਮੀਟਰ ਤੱਕ) ਜਿੱਥੇ ਅੱਗ ਲੱਗਣ ਜਾਂ ਜਲਦੀ ਫੈਲਣ ਦਾ ਬਹੁਤ ਘੱਟ ਮੌਕਾ ਹੋਵੇ।
- ਬਾਹਰ ਨਿਕਲਣ ਦੇ ਜੇ ਇੱਕ ਤੋਂ ਜ਼ਿਆਦਾ ਰਸਤੇ ਹੋਣ, ਤਾਂ ਸਫ਼ਰ ਦਾ ਫਾਸਲਾ ਆਮ ਤੋਰ ਤੇ 45 ਮੀਟਰ ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ (ਜਿਨ੍ਹਾਂ ਥਾਵਾਂ ਵਿੱਚ ਅੱਗ ਲੱਗਣ ਦਾ ਜ਼ਿਆਦਾ ਖ਼ਤਰਾ ਹੋਵੇ ਉੱਥੇ ਕਰੀਬ 25 ਮੀਟਰ ਅਤੇ ਜਿਨ੍ਹਾਂ ਥਾਵਾਂ ਵਿੱਚ ਅੱਗ ਲੱਗਣ ਦਾ ਘੱਟ ਖ਼ਤਰਾ ਹੋਵੇ ਉੱਥੇ ਕਰੀਬ 60 ਮੀਟਰ) ਹੈ।
- ਪੌੜੀਆਂ, ਵੀਹੀਆਂ ਅਤੇ ਅੱਗ ਸਮੇਂ ਬਾਹਰ ਨਿਕਲਣ ਦੇ ਰਸਤਿਆਂ ਕੋਲ ਥਾਂ ਰੁਕਾਵਟਾਂ ਅਤੇ ਅੱਗ ਲੱਗ ਸਕਣ ਵਾਲੀ ਸਮੱਗਰੀ ਤੋਂ ਖ਼ਾਲੀ ਰੱਖਣੇ ਚਾਹੀਦੇ ਹਨ।
- ਬਾਹਰ ਜਾਣ ਦਾ ਰਸਤਾ ਆਖਰੀ ਬਾਹਰ ਨਿਕਲਣ ਦੇ ਰਸਤੇ ਅਤੇ ਸੁਰੱਖਿਅਤ ਥਾਂ ਵੱਲ ਨੂੰ ਜਾਣਾ ਚਾਹੀਦਾ ਹੈ।
- ਜੇ ਪੌੜੀਆਂ ਸੁਰੱਖਿਅਤ ਨਹੀਂ ਹਨ, ਤਾਂ ਇੱਕੈਹਰੇ ਬਚ ਨਿਕਲਨ ਦੇ ਰਸਤਿਆਂ ਲਈ ਸਫ਼ਰ ਦਾ ਰਸਤਾ ਉਪਰੋਕਤ ਸੁਝਾਵਾਂ ਅਨੁਕੂਲ ਹੋਣਾ ਲਾਜ਼ਮੀ ਹੈ ਅਤੇ ਅਖੀਰੀ ਬਾਹਰ ਜਾਣ ਦਾ ਰਸਤਾ ਜਮੀਨ-ਮੰਜ਼ਲ ਤੇ ਪੌੜੀਆਂ ਤੋਂ ਸੋਖ਼ ਨਾਲ ਨਜ਼ਰ ਆਉਣਾ ਅਤੇ ਪਹੁੰਚਣਯੋਗ ਹੋਣਾ ਚਾਹੀਦਾ ਹੈ।
- ਜ਼ਿਆਦਾ ਖ਼ਤਰੇ ਵਾਲੇ ਕਮਰੇ ਆਮ ਤੌਰ ਅੱਗ-ਸੁਰੱਖਿਅਤ ਪੌੜੀਆਂ ਵੱਲ ਨੂੰ ਨਹੀਂ ਖੁੱਲਣੇ ਚਾਹੀਦੇ।
- ਜੇ ਤੁਹਾਡਾ ਅੱਗ-ਮੁਲਾਂਕਣ ਦੱਸੇ ਕਿ ਹਰ ਮੰਜ਼ਲ ਵਰਤਣ ਵਾਲੇ ਲੋਕਾਂ ਨੂੰ ਅੱਗ ਲੱਗਣ ਵਾਲੇ ਪਤਾ ਨਹੀਂ ਲੱਗੇਗਾ, ਤਾਂ ਤੁਹਾਨੂੰ ਹੋਰ ਅੱਗ-ਬਚਾਓ ਉਪਰਾਲਿਆਂ ਦੀ ਲੋੜ ਪੈ ਸਕਦੀ ਹੈ, ਉਦਾਹਰਨ ਵੱਜੋਂ, ਆਟੋਮੈਟਿਕ ਅੱਗ-ਸੂਹ ਅਤੇ ਚਿਤਾਵਨੀ ਵਿਵਸਥਾ।

ਤੁਹਾਡੇ ਅਹਾਤੇ ਨੂੰ ਅੱਗ ਤੋਂ ਸੁਰੱਖਿਅਤ ਰੱਖਣ
ਲਈ ਛੋਟਾ ਰਾਹਬਰ

ਤੁਹਾਨੂੰ ਉਪਰੋਕਤ ਸੋਧ ਸਾਵਧਾਨੀ ਨਾਲ ਲੈਣੀ ਚਾਹੀਦੀ ਹੈ। ਤੁਹਾਨੂੰ ਅਹਾਤੇ ਦਾ ਹਰ ਭਾਗ ਦੇਖ ਕੇ ਫੈਸਲਾ ਕਰਨਾ ਚਾਹੀਦਾ ਹੈ ਅੱਗ ਦੀ ਚਿਤਾਵਨੀ ਮਿਲਣ ਪ੍ਰਤੀ ਲੋਕੀ ਕਿੰਨੀ ਜਲਦੀ ਉਚਿੱਤ ਕਾਰਵਾਈ ਕਰਨਗੇ। ਜੇ ਤੁਹਾਨੂੰ ਕੋਈ ਸ਼ੰਕਾ ਹੋਵੇ ਜਾਂ ਤੁਹਾਡਾ ਅਹਾਤਾ ਦੇਖ-ਭਾਲ ਜਾਂ ਸੌਣ ਦੀਆਂ ਸਹੂਲਤਾਂ ਪ੍ਰਦਾਨ ਕਰਦਾ ਹੋਵੇ, ਤਾਂ ਤੁਹਾਨੂੰ ਸਰਕਾਰ ਦੀ ਪ੍ਰਕਾਸ਼ਤ ਕੀਤੀ ਹੋਈ ਵਧੇਰੇ ਵਿਸਤਾਰਪੂਰਵਕ ਰਾਹਬਰੀ ਪੜ੍ਹਨੀ ਚਾਹੀਦੀ ਹੈ ਜਾਂ ਮਾਹਿਰ ਸਲਾਹ ਪ੍ਰਾਪਤ ਕਰਨੀ ਚਾਹੀਦੀ ਹੈ। ਕੁੱਝ ਫੈਕਟਰੀਆਂ ਅਤੇ ਵੈਅਰਹਾਊਸਾਂ ਵਿੱਚ ਅੱਗ ਤੋਂ ਬੱਚ ਕੇ ਨਿਕਲਨ ਲਈ ਵਧੇਰੇ ਲੰਬਾ ਫਾਸਲਾ ਤੈਹ ਕਰਨ ਦੀ ਲੋੜ ਪੈ ਸਕਦੀ ਹੈ।

## ਅੱਗ ਤੋਂ ਬੱਚ ਕੇ ਨਿਕਲਨ ਲਈ ਉਚਿੱਤ ਦਰਵਾਜ਼ੇ

- ਤੁਹਾਨੂੰ ਤੋਂ ਅੱਗ ਤੋਂ ਬੱਚ ਕੇ ਨਿਕਲਨ ਵਾਲੇ ਦਰਵਾਜੇ ਅਤੇ ਬੱਚ ਕੇ ਨਿਕਲਨ ਵਾਲੇ ਰਸਤੇ ਤੇ ਹਰ ਦਰਵਾਜਾ ਕੁੰਜੀ ਅਤੇ ਵਿਸ਼ੇਸ਼ੱਗ ਗਿਆਨ ਤੇ ਬਗੈਰ ਵਰਤ ਹੋ ਸਕਣੇ ਚਾਹੀਦੇ ਹਨ।
- ਜਨਤਾ ਜਾਂ ਲੋਕਾਂ ਦੀ ਵੱਡੀ ਗਿਣਤੀ ਵਿੱਚ ਵਰਤੇ ਜਾਂਦੇ ਅਹਾਤਿਆਂ ਵਿੱਚ, ਤੁਹਾਨੂੰ ਪੁਸ਼ (ਪਨਿਕ) ਬਾਰਾਂ ਜਾਂ ਪੁਸ਼ ਪੈਡਾਂ ਦੀ ਲੋੜ ਹੋ ਸਕਦੀ ਹੈ।

## ਵਿਚਾਰਨ ਲਈ ਹੋਰ ਚੀਜ਼ਾਂ

- ਕਿ ਤੁਹਾਨੂੰ ਅਮਰਜੈਂਸੀ ਲਾਈਟਿੰਗ ਦੀ ਲੋੜ ਹੈ ਜਾਂ ਨਹੀਂ।
- ਬਹੁਤ ਹੀ ਛੋਟੇ ਅਹਾਤਿਆਂ ਤੋਂ ਇਲਾਵਾ ਸੱਭ ਅਹਾਤਿਆਂ ਵਿੱਚ ਉਚਿੱਤ ਅੱਗ-ਸੁਰੱਖਿਆ ਸਾਈਨ ਲਾਉਣੇ।
- ਤੁਹਾਡੇ ਕਰਮਚਾਰੀਆਂ ਅਤੇ ਸੱਭ ਉਨ੍ਹਾਂ ਨੂੰ ਜਿਨ੍ਹਾਂ ਤੇ ਤੁਹਾਨੂੰ ਜਾਇਜ਼ ਤੌਰ ਤੇ ਅੱਗ ਲੱਗਣ ਸਮੇਂ ਮਦਦ ਕਰਨ ਦੀ ਉਮੀਦ ਹੋਵੇ ਨੂੰ ਸਿੱਖਲਾਈ ਦੇਣੀ।
- ਪੱਕੇ ਤੌਰ ਤੇ ਤੁਹਾਡੀਆਂ ਅੱਗ ਸੁਰੱਖਿਆ ਵਿਵਸਥਾਵਾਂ ਕਾਇਮ ਰੱਖਣ ਲਈ ਪ੍ਰਬੰਧਕੀ ਵਿਵਸਥਾ।

ਕੁੱਝ ਬਹੁਤ ਛੋਟੇ ਅਤੇ ਸਰਲ ਅਹਾਤੇ ਇਨ੍ਹਾਂ ਸਾਰੇ ਕਦਮਾਂ ਦੀ ਸ਼ਾਇਦ ਜਿਆਦਾ ਮੁਸ਼ਕਲ ਤੋਂ ਬਗੈਰ ਹੀ ਪੂਰਤੀ ਕਰ ਸਕਣ। ਐਪਰ, ਤੁਹਾਨੂੰ ਫਿਰ ਵੀ ਸਾਬਤ ਕਰਨ ਦੀ ਲੋੜ ਹੋਵੇਗੀ ਕਿ ਤੁਸੀਂ ਇਹ ਸੱਭ ਕਦਮ ਪੂਰੇ ਕੀਤੇ ਹਨ।

## ਕਦਮ 4 – ਅੰਕਿਤ ਕਰੋ, ਯੋਜਨਾ ਬਣਾਓ, ਹਿਦਾਇਤ ਕਰੋ, ਜਾਣੂ ਕਰਾਓ ਅਤੇ ਸਿੱਖਾਓ

ਇਸ ਕਦਮ ਵਿੱਚ ਤੁਹਾਨੂੰ ਅੰਕਿਤ ਕਰਨਾ, ਯੋਜਨਾ ਬਣਾਉਣੀ, ਹੈਦਾਇਤ ਕਰਨੀ, ਜਾਣੂ ਕਰਾਉਣਾ ਅਤੇ ਸਿੱਖਲਾਈ ਦੇਣੀ ਚਾਹੀਦੀ ਹੈ। ਤੁਹਾਨੂੰ ਖ਼ਤਰੇ ਅਤੇ ਜੋ **ਕਦਮ 1 ਕਦਮ 2** ਵਿੱਚ ਤੁਸੀਂ ਖਾਸ ਤੌਰ ਤੇ ਖ਼ਤਰ ਵਿੱਚ ਹੋਣ ਵਾਲੇ ਲੋਕਾਂ ਦੀ ਪਛਾਣ ਕੀਤੀ ਹੋ ਉਹ ਅੰਕਿਤ ਕਰਨੇ ਲਾਜ਼ਮੀ ਹਨ। ਤੁਹਾਨੂੰ ਜੋ ਕਾਰਵਾਈ ਤੁਸੀਂ ਕੀਤੀ ਹੋਵੇ ਉਹ ਵੀ **ਕਦਮ 3** ਵਿੱਚ ਤੁਹਾਨੂੰ ਅੰਕਿਤ ਕਰਨੀ ਚਾਹੀਦੀ ਹੈ। ਇੱਕ ਸਰਲ ਯੋਜਨਾ ਤੁਹਾਨੂੰ ਇਸ ਤੜ੍ਹਾਂ ਕਰਨ ਵਿੱਚ ਮਦਦ ਕਰ ਸਕਦੀ ਹੈ।

ਤੁਹਾਨੂੰ ਆਪਣੇ ਅਹਾਤੇ ਦੇ ਅਨੁਕੂਲ ਅਮਰਜੈਂਸੀ ਯੋਜਨਾ ਵੀ ਬਣਾਉਣੀ ਪਵੇਗੀ।

ਤੁਹਾਡੇ ਅਹਾਤੇ ਜਾਂ ਨੇੜੇ ਸੱਭ ਅਹਾਤਿਆਂ ਵਿੱਚ ਅੱਗ ਲੱਗਣ ਸਮੇ ਜੋ ਕਾਰਵਾਈ ਤੁਹਾਨੂੰ ਕਰਨ ਦੀ ਲੋੜ ਹੋਵੇਗੀ ਉਹ ਇਸ ਵਿੱਚ ਸ਼ਾਮਲ ਹੋਣੀ ਚਾਹੀਦੀ ਹੈ। ਤੁਹਾਨੂੰ ਆਪਣੇ ਕਰਮਚਾਰੀਆਂ ਅਤੇ ਕੁੱਝ ਵਾਰੀ ਹੋਰਨਾਂ ਨੂੰ ਵੀ, ਜਿਸ ਤਰ੍ਹਾਂ ਕਿ ਹੋਟਲ ਦੇ ਮੈਹਮਾਨਾਂ ਜਾਂ ਸੇਵਾਦਾਰਾਂ, ਨੂੰ ਹੈਦਾਇਤਾਂ ਦੇਣ ਦੀ ਲੋੜ ਪਵੇਗੀ। ਸੱਭ ਮੁਲਾਜ਼ਮਾਂ ਨੂੰ ਅਹਾਤੇ ਵਿੱਚ ਖ਼ਤਰਿਆਂ ਬਾਰੇ ਉਚਿੱਤ ਜਾਣਕਾਰੀ ਅਤੇ ਸਿੱਖਲਾਈ ਮਿਲਣੀ ਲਾਜ਼ਮੀ ਹੈ। ਕੁੱਝ, ਜਿਸ ਤਰ੍ਹਾਂ ਕਿ ਫਾਇਰ ਮਾਰਸ਼ਲਾਂ ਨੂੰ, ਵਧੇਰੇ ਵਿਸਤਾਰਪੂਰਵਕ ਸਿੱਖਲਾਈ ਦੀ ਜਰੂਰਤ ਹੋਵੇਗੀ।

## ਕਦਮ 5 – ਮੁੜ-ਵਿਚਾਰ

ਤੁਹਾਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਤੁਹਾਡਾ ਅੱਗ-ਖ਼ਤਰਾ ਮੁਲਾਂਕਣ ਅਧੁਨਿਕ ਹੈ। ਜੇ ਤੁਹਾਨੂੰ ਸ਼ੱਕ ਹੋਵੇ ਕਿ ਇਹ ਉਚਿੱਤ ਨਹੀਂ ਤਾਂ ਤੁਹਾਨੂੰ ਆਪਣੇ ਅੱਗ-ਖ਼ਤਰਾ ਮੁਲਾਂਕਣ ਦਾ ਮੁੜ-ਵਿਚਾਰ ਕਰਨ ਦੀ ਲੋੜ ਹੋਵੇਗੀ, ਜਿਸ ਤਰ੍ਹਾਂ ਕਿ ਜਦ ਅੱਗ ਲੱਗਣੋ ਬੱਚ ਗਈ ਹੋਵ ਅਤੇ ਤੁਹਾਡੇ ਅਹਾਤੇ ਵਿੱਚ ਹਰ ਵਾਰੀ ਮਹਤੱਵਪੂਰਨ ਖ਼ਤਰੇ ਦੀ ਪੱਧਰ ਬਦਲਨ ਸਮੇਂ। ਇਸ ਵਿੱਚ ਇਹ ਸ਼ਾਮਲ ਹੋ ਸਕਦੇ ਹਨ:

- ਜੇ ਤੁਸੀਂ ਉਹ ਸਮੱਗਰੀ ਜਿਆਦਾ ਰੱਖਣੀ ਸ਼ੁਰੂ ਕਰੋਂ ਜਿਸ ਨੂੰ ਸੌਖੀ ਅੱਗ ਲੱਗ ਸਕਦੀ ਹੋਵੇ;
- ਨਵੀਂ ਰਾਤ ਦੀ ਸ਼ਿੱਫਟ ਸ਼ੁਰੂ ਹੋਣੀ; ਜਾਂ
- ਤੁਹਾਡਾ ਅਹਾਤਾ ਵਰਤਣ ਵਾਲੇ ਲੋਕਾ ਦੀ ਪ੍ਰਕਾਰ ਜਾਂ ਗਿਣਤੀ ਵਿੱਚ ਤਬਦੀਲੀ।

## ਅਦੇਸ਼ ਲਾਗੂ ਕਰਨਾ

ਗੈਰ-ਘਰੇਲੂ ਅਹਾਤਿਆਂ ਵਿੱਚ ਸੱਭ ਅੱਗ-ਸੁਰੱਖਿਆ ਕਾਨੂੰਨ ਲਾਗੂ ਕਰਾਉਣ ਲਈ ਅੱਗ ਹੁਕਮਰਾਨ ਮੁੱਖ ਏਜੰਸੀ ਹੋਵੇਗੀ। ਸੱਭ ਤੋਂ ਵੱਧ ਖ਼ਤਰਾ ਪ੍ਰਗਟ ਕਰਨ ਵਾਲੇ ਅਹਾਤਿਆਂ ਤੇ ਅੱਗ ਹੁਕਮਰਾਨ ਆਪਣੀ ਸਮੱਗਰੀ ਅਤੇ ਜਾਂਚ ਕੇਂਦ੍ਰਿਤ ਕਰਨਗੇ। ਸੱਭ ਅੱਗ ਹੁਕਮਰਾਨ ਅੱਗ ਸੁਰੱਖਿਆ ਬਾਰੇ ਸ਼ਿਕਾਇਤਾਂ ਦੀ ਪੜਤਾਲ ਕਰਨੀ, ਜਿੱਥੇ ਅੱਗ ਲੱਗਣ ਤੋਂ ਬਾਦ ਨੀਵੇਂ ਦਰਜੇ ਦਾ ਅੱਗ-ਸੁਰੱਖਿਆ ਪ੍ਰਬੰਧ ਲੱਭਿਆ ਹੋਵੇ ਉਥੇ ਜਾਂਚ ਕਰਨੀ ਜਾਰੀ ਰੱਖਣਗੇ ਅਤੇ ਖਾਸ ਕੇਂਦ੍ਰਿਤ ਮੁਆਇਨੇ ਕਰ ਸਕਦੇ ਹਨ।

ਜੇ ਤੁਸੀਂ ਅਦੇਸ਼ ਦੀ ਪੂਰਤੀ ਨਾ ਕੀਤੀ , ਤਾਂ ਅੱਗ ਹੁਕਮਰਾਨ ਤੁਹਾਨੂੰ ਅਮਲੀ ਸਲਾਹ ਦੇਣਗੇ ਜਾਂ, ਜੇ ਖ਼ਤਰਾ ਸੰਗੀਨ ਹੋਵੇ, ਤਾਂ ਰਿਵਾਇਤੀ ਸੂਚਨਾ ਜਾਰੀ ਕਰਨਗੇ। ਸੱਭ ਤੋਂ ਵੱਧ ਸੰਗੀਨ ਹਾਲਾਤਾਂ ਤੋਂ ਇਲਾਵਾ, ਅੱਗ ਸੁਰੱਖਿਆ ਦੀ ਤਸੱਲੀਬਖ਼ਸ਼ ਪੱਧਰ ਪ੍ਰਾਪਤ ਕਰਨ ਲਈ ਅੱਗ ਹੁਕਮਰਾਨ ਤੁਹਾਡੇ ਸਾਥ ਮਿਲ ਕੇ ਕੰਮ ਕਰਨਗੇ।


ਤੁਹਾਡੇ ਅਹਾਤੇ ਨੂੰ ਅੱਗ ਤੋਂ ਸੁਰੱਖਿਅਤ ਰੱਖਣ
ਲਈ ਛੋਟਾ ਹਵਾਲਾ

ਜੇ ਜਾਨ ਨੂੰ ਬਹੁਤ ਗੰਭੀਰ ਖ਼ਤਰਾ ਹੋਵੇ, ਤਾਂ ਅੱਗ ਹੁਕਮਰਾਨ ਅਹਾਤੇ ਨੂੰ ਖ਼ਾਸ ਚੀਜ਼ਾਂ ਲਈ ਵਰਤਣੋਂ ਰੋਕਣ ਲਈ (ਜਿਸ ਤਰ੍ਹਾਂ ਕਿ ਸੌਣ ਲਈ), ਜਾਂ ਲੋਕਾਂ ਨੂੰ ਸਾਰੇ ਅਹਾਤੇ ਜਾਂ ਅਹਾਤੇ ਦੇ ਕੁੱਝ ਹਿੱਸਿਆਂ ਨੂੰ ਵਰਤਣੋਂ ਰੋਕਣ ਲਈ ਸੂਚਨਾ ਜਾਰੀ ਕਰ ਸਕਦੇ ਹਨ। ਇਹ ਅਧਿਕਾਰ ਉਨ੍ਹਾਂ ਜਾਇਦਾਦਾਂ ਪ੍ਰਤੀ ਰਿਹਾਇਸ਼ੀ ਹੁਕਮਰਾਨਾਂ ਨਾਲ ਸਾਂਝੇ ਹਨ ਜਿਨ੍ਹਾਂ ਵਿੱਚ ਕਈ ਘੜਬਾਰ ਰਹਿੰਦੇ ਹੋਣ।

ਸੱਭ ਕੇਸਾਂ ਵਿੱਚ ਤੁਹਾਨੂੰ ਅਪੀਲ ਕਰਨ ਦਾ ਹੱਕ ਹੋਵੇਗਾ, ਦੋਵੇਂ ਗੈਰ-ਰਵਾਇਤੀ ਅਤੇ ਰਿਵਾਇਤੀ ਤੌਰ ਤੇ।

ਗੈਰ-ਰਿਵਾਇਤੀ ਅਪੀਲ, ਆਮ ਤੌਰ ਤੇ ਵਧੇਰੇ ਤਜ਼ਰਬੇਕਾਰ ਅੱਗ-ਸੁਰੱਖਿਆ ਮੈਨੇਜਰ ਨੂੰ, ਕੁੱਝ ਵਾਰੀ ਅਦੇਸ਼ ਦੀ ਪੂਰਤੀ ਕਰਨ ਲਈ ਇੱਕ ਵੱਖਰੇ ਢੰਗ ਦੀ ਪਛਾਣ ਕਰ ਸਕਦੀ ਹੈ।

ਜੇ ਇਹ ਸਫਲ ਨਾ ਹੋਵੇ, ਤਾਂ ਤੁਸੀਂ ਰਿਵਾਇਤੀ ਤੌਰ ਤੇ ਮਜਿਸਟ੍ਰੇਟ ਨੂੰ ਅਪੀਲ ਕਰ ਸਕਦੇ ਹੋ। ਜੇ ਤੁਸੀਂ ਤਕਨੀਕੀ ਮਸਲਿਆਂ ਬਾਰੇ ਹੁਕਮਰਾਨ ਨਾਲ ਸਹਿਮਤ ਨਾ ਹੋ ਸਕੋਂ ਤਾਂ ਤੁਸੀਂ ਅਦੇਸ਼ ਲਾਗੂ ਕਰਨ ਵਾਲੇ ਹੁਕਮਰਾਨ ਨਾਲ ਸਹਿਮਤ ਹੋ ਕੇ ਸੈਕਟਰੀ ਔਫ ਸਟੇਟ ਨੂੰ ਸੁਲਝਾ ਪ੍ਰਤੀ ਰਿਵਾਇਤੀ ਫੈਸਲਾ ਕਰਨ ਲਈ ਬੇਨਤੀ ਕਰ ਸਕਦੇ ਹੋ।

## ਜੇ ਤੁਸੀਂ ਆਪਣਾ ਅਹਾਤਾ ਬਦਲ ਲਿਆ

ਬਹੁਤੇ ਹਾਲਾਤਾਂ ਵਿੱਚ ਤੁਸੀਂ ਆਪਣਾ ਅਹਾਤਾ ਬਦਲ ਸਕੋਂਗੇ। ਐਪਰ, ਤੁਹਾਨੂੰ ਯਾਦ ਰੱਖਣਾ ਲਾਜ਼ਮੀ ਹੈ ਕਿ ਜੋ ਖ਼ਤਰਾ ਤੁਸੀਂ ਪੈਦਾ ਕਰੋਂਗੇ ਉਸ ਨੂੰ ਕਾਬੂ ਰੱਖ਼ਣ ਦੀ ਤੁਹਾਡੀ ਜ਼ਿੰਮੇਵਾਰੀ ਹੋਵੇਗੀ ਅਤੇ ਤੁਹਾਨੂੰ ਫਿਰ ਵੀ ਯੋਜਨਾਬੰਦੀ ਪ੍ਰਕਿਰਿਆ ਅਤੇ ਇਮਾਰਤੀ ਨਿਯਮਾਂ ਦੀ ਪਾਲਣਾ ਕਰਨੀ ਪਵੇਗੀ। ਤੁਹਾਨੂੰ ਆਪਣੇ ਅੱਗ-ਮੁਲਾਂਕਣ ਬਾਰੇ ਦੁਬਾਰਾ ਵਿਚਾਰ ਕਰਨ ਦੀ ਅਤੇ ਦੇਖਣ ਦੀ ਕਿ ਇਨ੍ਹਾਂ ਬਦਲਾਵ ਨਾਲ ਤੁਹਾਡੇ ਅਹਾਤੇ ਵਿੱਚ ਖ਼ਤਰੇ ਉੱਪਰ ਕਿਸ ਤਰ੍ਹਾਂ ਪ੍ਰਭਾਵ ਪਵੇਗਾ ਲੋੜ ਹੋਵੇਗੀ। ਤੁਹਾਨੂੰ ਨਿਰਧਾਰਨ ਕਰਨਾ ਪਵੇਗਾ ਕਿ ਤੁਹਾਡਾ ਖ਼ਤਰਾ-ਪ੍ਰਬੰਧ ਉਪਰਾਲੇ ਕਾਫ਼ੀ ਹਨ ਜਾਂ ਨਹੀਂ ਅਤੇ ਜੇ ਤੁਹਾਨੂੰ ਹੋਰ ਅਗਾਂਹ ਕਾਰਵਾਈ ਕਰਨ ਦੀ ਲੋੜ ਹੈ ਜਾਂ ਨਹੀਂ।


ਕੁੱਝ ਜਿਆਦਾ ਖ਼ਤਰਾ ਵਾਲੇ ਅਹਾਤਿਆਂ ਵਿੱਚ, ਉਦਾਹਰਨ ਵੱਜੋਂ, ਜਿਨ੍ਹਾਂ ਬਾਰੇ ਇਹ ਆਖਿਆ ਜਾ ਸਕਦਾ ਹੈ ਕਿ ਉਨ੍ਹਾਂ ਵਿੱਚ ਜਾਨ ਨੂੰ ਆਮ ਨਾਲੋਂ ਨੂੰ ਜਿਆਦਾ ਖ਼ਤਰਾ ਹੈ ਜਾਂ ਜਿੱਥੇ ਵਿਸ਼ੇਸ਼ ਤੌਰ ਤੇ ਗੁੰਝਲਦਾਰ ਅੱਗ-ਸੁਰੱਖਿਆ ਇੰਤਜ਼ਾਮਾਂ ਦੀ ਲੋੜ ਹੈ, ਅੱਗ ਹੁਕਮਰਾਨ, ਤਬਦੀਲੀ ਸੁਚਨਾ ਜਾਰੀ ਕਰ ਸਕਦੇ ਹਨ। ਇਸ ਤਬਦੀਲੀ ਸੂਚਨਾ ਅਧੀਨ, ਤੁਹਾਨੂੰ ਹੁਕਮਰਾਨਾਂ ਨੂੰ ਅਹਾਤੇ ਪ੍ਰਤੀ ਉਨ੍ਹਾਂ ਸੱਭ ਤਬਦੀਲੀਆਂ, ਜੋ ਕਰਨ ਬਾਰੇ ਤੁਸੀਂ ਯੋਜਨਾ ਬਣਾ ਰਹੇ ਹੋ, ਜੇ ਇਨ੍ਹਾਂ ਤਬਦੀਲੀਆਂ ਨਾਲ ਖ਼ਤਰੇ ਵਿੱਚ ਮਹਤੱਵਪੂਰਨ ਵਾਧਾ ਹੋ ਜਾਵੇਗਾ ਬਾਰੇ ਦੱਸਣਾ ਲਾਜ਼ਮੀ ਹੋਵੇਗਾ।

## ਸਰਲ ਅੱਗ ਖ਼ਤਰੇ ਦਾ ਮੁਲਾਂਕਣ ਕਿਸ ਤਰ੍ਹਾਂ ਕਰਨਾ ਹੈ ਦੀ ਇੱਕ ਉਦਾਹਰਨ

ਇਸ ਉਦਾਹਰਨ ਤੋਂ ਇਲਾਵਾ ਅੱਗ-ਖ਼ਤਰੇ ਦਾ ਮੁਲਾਂਕਣ ਕਰਨ ਦੇ ਹੋਰ ਵੀ ਹੀ ਢੰਗ ਹਨ।

ਜੋ ਵੀ ਢੰਗ ਤੁਸੀਂ ਵਰਤੋਂ, ਉਸ ਦੁਆਰਾ ਤੁਹਾਨੂੰ ਸਾਬਤ ਕਰ ਸਕਣਾ ਚਾਹੀਦਾ ਹੈ ਕਿ ਤੁਸੀਂ ਕਾਨੂੰਨ ਦੇ ਪਬੰਧ ਰਹੇ ਹੋ।

### ਅੱਗ-ਖ਼ਤਰਾ ਮੁਲਾਂਕਣ ਤੋਂ ਪਹਿਲਾਂ




ਅਕਾਰ ਦੇ ਕਰਬਿ ਮਾਪ ਅਨੁਸਾਰ, ਅਹਾਤੇ ਦਾ ਇੱਕ ਸਰਲ ਨਕਸ਼ਾ ਬਣਾਓ, ਜਿਸ ਵਿੱਚ ਸੱਭ ਸੰਬੰਧਿਤ ਢਾਂਚਾਗਤ ਮੁਹਾਂਦਰੇ ਦਿਖਾਏ ਹੋਣ, ਜਿਸ ਤਰ੍ਹਾਂ ਕਿ ਪੌੜੀਆਂ ਅਤੇ ਖਾਸ ਖਾਸ ਇਲਾਕੇ ਕਿਸ ਤਰ੍ਹਾਂ ਵਰਤੇ ਜਾਂਦੇ ਹਨ, ਉਦਾਹਰਨ ਵੱਜੋਂ, ਉਤਪਤੀ, ਸਟੋਰਿਜ ਜਾਂ ਸੌਣ ਵਾਲੇ ਥਾਂ।

ਇਸ ਨਕਸ਼ੇ ਵਿੱਚ ਸੱਭ ਖ਼ਤਰੇ (ਕਦਮ 1) ਅਤੇ ਕਾਫ਼ੀ ਖ਼ਤਰੇ ਵਿੱਚ ਲੋਕ (ਕਦਮ 2) ਦਿਖਾਏ ਗਏ ਹੋਣੇ ਲਾਜ਼ਮੀ ਹਨ। ਇਸ ਵਿਚ ਜਿਸ ਸਮਗਰੀ ਨੂੰ ਆਸਾਨੀ ਨਾਲ ਅੱਗ ਲੱਗ ਸਕਦੀ ਹੋਵੇ ਅਤੇ ਭਖਣ ਦੇ ਸੋਮੇ ਕਿਨ੍ਹਾਂ ਥਾਂਵਾਂ ਤੇ ਨੇੜੇ ਮੌਜੂਦ ਹਨ ਦੀ ਵੀ ਪਛਾਣ ਕੀਤੀ ਹੋਣੀ ਚਾਹੀਦੀ ਹੈ।

ਤੁਹਾਡੇ ਅਹਾਤੇ ਨੂੰ ਅੱਗ ਤੋਂ ਸੁਰੱਖਿਅਤ ਰੱਖਣ
ਲਈ ਛੋਟਾ ਹਵਾਲਾ

ਤੁਸੀਂ ਸਰਲ ਸਿਫ਼ਰ ਅਤੇ ਕਾਂਟਿਆਂ ਦੀ ਵਿਵਸਥਾ ਵਰਤ ਸਕਦੇ ਹੋ - ਚੱਕਰ ਸਮੱਗਰੀ ਲਈ ਅਤੇ ਕਾਂਟੇ ਭਖਣ ਦੇ ਸੋਮਿਆਂ ਲਈ।


ਚਦਮ 3 – ਜੋ ਕਾਰਵਾਈ ਤੁਸੀਂ ਕਰੋਂ ਉਹ ਆਮ ਸਮਝ ਹੋਣੀ ਚਾਹੀਦੀ ਹੈ ਅਤੇ, ਮੁੱਖ ਤੌਰ ਤੇ ਮਹਿੰਗੀ ਨਹੀਂ ਹੋਣੀ ਚਾਹੀਦੀ। ਜੇ ਕੁੱਝ ਸ਼ਰਤਾਂ ਮਹਿੰਗੀਆਂ ਸਾਬਤ ਹੋਣ, ਤਾਂ ਤੁਸੀਂ ਪੂਰੇ ਉਪਾ ਸਥਾਪਿਤ ਕਰਨ ਤੱਕ ਸ਼ਾਇਦ ਵਕਤੀ ਉਪਾ ਲਾਗੂ ਕਰ ਸਕੋਂਗੇ।

ਇਹ ਕੇਵਲ ਤਾਂ ਹੀ ਪ੍ਰਵਾਨ ਕਰਨਯੋਗ ਹੋਵੇਗਾ ਜੇ ਲੋਕਾਂ ਨੂੰ ਗੰਭੀਰ ਖ਼ਤਰਾ ਨਾ ਹੋਵੇ।

ਅਮਰਜੈਂਸੀ ਯੋਜਨਾ ਬਣਾਉਣ ਦੀ ਕਾਰਜਕਾਰੀ ਅਤੇ ਸਿੱਖਲਾਈ, ਹਿਦਾਇਤਾਂ ਜਾਂ ਅੰਕਿਤ ਦੀਆਂ ਸ਼ਰਤਾਂ ਦਾ ਨਿਰਧਾਰਨ **ਕਦਮ 4** ਅਧੀਨ ਹੋਣਾ ਚਾਹੀਦਾ ਹੈ। .

**ਕਦਮ 5** ਅਧੀਨ ਤੁਹਾਨੂੰ ਨੇਮੱਤ ਮੁੜ-ਵਿਚਾਰ ਕਰਨ ਦੇ ਫੈਸਲਾ ਕਰਨਾ ਚਾਹੀਦਾ ਹੈ।

**ਅੱਗ-ਖ਼ਤਰਾ ਮੁਲਾਂਕਣ ਤੋਂ ਬਾਦ**




r


ਤੁਹਾਡੇ ਅਹਾਤੇ ਨੂੰ ਅੱਗ ਤੋਂ ਸੁਰੱਖਿਅਤ ਰੱਖਣ
ਲਈ ਛੋਟਾ ਗਾਈਡ

## ਸਲਾਹ ਅਤੇ ਜਾਣਕਾਰੀ

ਜਦੋਂ ਤੁਸੀਂ ਆਪਣਾ ਅੱਗ-ਖਤਰਾ ਮੁਲਾਂਕਣ ਪੂਰਾ ਕਰ ਲਿਆ ਜੇ ਤੁਹਾਨੂੰ ਵਧੇਰੇ ਅਮਲੀ ਸਲਾਹ ਜਾਂ ਜਾਣਕਾਰੀ ਚਾਹੀਦੀ ਹੋਵੇ, ਤਾਂ ਤੁਹਾਡੀ ਅੱਗ ਅਤੇ ਬਚਾ ਸੇਵਾ (Fire and Rescue Service) ਸ਼ਾਇਦ ਤੁਹਾਡੀ ਮਦਦ ਕਰਾ ਸਕਦੀ ਹੋਵੇ (ਫ਼ੋਨ ਬੁਕ ਵਿਚ 'ਅੱਗ' ਹੇਠਾਂ ਵੇਖੋ)।

ਤੁਸੀਂ ਆਪਣੇ ਅਹਾਤੇ ਲਈ ਉਚਿੱਤ ਰਾਹਬਰ ਚੰਗੀਆਂ ਕਿਤਾਬਾਂ ਦੀਆਂ ਦੁਕਾਨਾਂ ਜਾਂ ਇੰਟਰਨੈਟ ਤੋਂ ਜਾਂ ਹੇਠ ਲਿਖਤ ਵੈਬਸਾਈਟ ਤੋਂ ਪ੍ਰਾਪਤ ਕਰ ਸਕਦੇ ਹੋ

www.firesafetyguides.communities.gov.uk

ਤੁਸੀਂ ਪ੍ਰਕਿਰਿਆ ਦੇ ਖਤਰਿਆਂ ਅਤੇ ਬਹੁਤ ਆਸਾਨੀ ਨਾਲ ਅੱਗ ਲੱਗਣ ਵਾਲੀ ਜਾਂ ਵਿਸਫੋਟਕ ਸਮਗਰੀ ਦੇ ਪ੍ਰਬੰਧ ਕਰਨ ਬਾਰੇ ਜਾਣਕਾਰੀ ਆਪਣੇ ਸਥਾਨਕ ਏਚ ਐਸ ਈ (HSE) ਦਫ਼ਤਰ ਜਾਂ ਉਨ੍ਹਾਂ ਦੇ ਵੈਬਸਾਈਟ www.hse.gov.uk ਤੋਂ ਪ੍ਰਾਪਤ ਕਰ ਸਕਦੇ ਹਾਂ। ਤੁਸੀਂ ਸਾੜ ਫੂਕ ਦੇ ਖਤਰੇ ਨੂੰ ਘਟਾਉਣ ਬਾਰੇ ਸਲਾਹ ਸਾੜ ਫੂਕ ਰੋਕ ਬਿਊਰੋ (Arson Prevention Bureau) ਤੋਂ 020 7216 7525 ਤੇ ਫ਼ੋਨ ਕਰਕੇ ਪ੍ਰਾਪਤ ਕਰ ਸਕਦੇ ਹੋ।

ਤੁਸੀਂ ਇਸ ਕਿਤਾਬਚੇ ਦੀਆਂ ਕਾਪੀਆਂ ਅਤੇ ਅਲੱਗ ਰੂਪ ਹੇਠ ਲਿਖਤ ਤੋਂ ਲੈ ਸਕਦੇ ਹੋ:

DCLG Publications
PO Box 236
Wetherby
West Yorkshire
LS23 7NB
ਫ਼ੋਨ: 0870 1226 236
ਫ਼ੈਕਸ: 0870 1226 237
ਟੈਕਸਟਫ਼ੋਨ: 0870 1207 405
ਈ-ਮੇਲ: odpm@twoten.press.net

ਵਸਤੂ ਕੋਡ: 05 FRSD 03546

ਇਸ ਰਾਹਬਰ ਦਾ ਸਰਕਾਰੀ ਅਧਿਕਾਰ ਹੈ।

© ਤੱਤ ਡੀਜ਼ਾਈਨ ਅਤੇ ਛਪਾਈ ਸੰਬੰਧੀ ਬਣਤਰ ਸਰਕਾਰੀ ਉਤਾਰਾ ਅਧਿਕਾਰ ਅਧੀਨ ਹੈ।
ਭਾਈਚਾਰਿਆਂ ਅਤੇ ਸਥਾਨਕ ਸਰਕਾਰ ਲਈ ਵਿਭਾਗ (Department for Communities and Local Government) ਨੇ ਪ੍ਰਕਾਸ਼ਤ ਕੀਤਾ।

ਯੂ ਕੇ ਵਿਚ ਘੱਟੋ ਘੱਟ 75% ਮੁੜ-ਵਰਤਣਯੋਗ ਬਣਾਏ ਰੇਂਹਦ ਖੂੰਹਦ ਤੋਂ ਬਣਾਏ ਕਾਗਜ਼ ਉੱਪਰ ਛਾਪਿਆ ਗਿਆ।

13449 Crystal Mark
Clarity approved by Plain English Campaign